# ਦੁੱਧ ਦਾ ਨਿਰਵਿਘਨ ਮੰਡੀਕਰਨ ਕੋਆਪ੍ਰੇਟਿਵ ਸਿਸਟਮ

ਡੇਅਰੀ ਦਾ ਧੰਦਾ ਪੰਜਾਬ ਦੇ ਅੰਦਰ ਅਨੇਕਾਂ ਹੀ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਂਦਾ ਹੈ। ਅੱਜਕੱਲ੍ਹ ਕਿਸਾਨੀ ਤੋਂ ਆਮਦਨ ਘਟਣ ਦੀ ਸੂਰਤ ਵਿਚ ਅਤੇ ਕੁਦਰਤੀ ਆਫ਼ਤਾਂ ਦੀ ਮਾਰ ਦੇ ਕਾਰਨ ਕਿਸਾਨਾਂ ਅੰਦਰ ਪਸ਼ੂ ਪਾਲਣ ਦੀ ਮਹੱਤਤਾ ਵਧ ਰਹੀ ਹੈ। ਪਸ਼ੂ ਪਾਲਣ ਵਿਭਾਗ ਵੱਲੋਂ ਨੌਜਵਾਨਾਂ ਨੂੰ ਡੇਅਰੀ ਦੀ ਟ੍ਰੇਨਿੰਗ ਦੇਣ ਦੇ ਨਾਲ ਨਾਲ ਨਵੀਆਂ ਤਕਨੀਕਾਂ ਤੋਂ ਵੀ ਜਾਣੂ ਕਰਵਾਇਆ ਜਾ ਰਿਹਾ ਹੈ।



ਅਜੋਕੇ ਸਮੇਂ ਵਿੱਚ ਦੁੱਧ ਦੀ ਪੈਦਾਵਾਰ ਦੇ ਨਾਲ ਉਸ ਦਾ ਸੁਚੱਜਾ ਮੰਡੀਕਰਨ ਵੀ ਜ਼ਰੂਰੀ ਹੈ। ਜੇਕਰ ਅਸੀਂ ਸਹੀ ਵੇਲੇ ਅਤੇ ਸਹੀ ਤਰੀਕੇ ਨਾਲ ਦੁੱਧ ਦਾ ਮੰਡੀਕਰਨ ਕਰਦੇ ਹਾਂ ਤਾਂ ਅਸੀਂ ਆਉਣ ਵਾਲੀਆਂ ਕਈ ਮੁਸ਼ਕਲਾਂ ਤੋਂ ਬਚ ਸਕਦੇ ਹਾਂ। ਇਸ ਲਈ ਦੁੱਧ ਦਾ ਸੁਚੱਜਾ ਮੰਡੀਕਰਨ ਬਹੁਤ ਹੀ ਜ਼ਰੂਰੀ ਹੈ। ਛੋਟੇ ਕਿਸਾਨ ਜਿਨ੍ਹਾਂ ਨੇ 2 ਤੋਂ 3 ਪਸ਼ੂ ਰੱਖੇ ਹਨ ।
ਉਹ ਆਮ ਤੌਰ ਤੇ ਦੁੱਧ ਦੀ ਵਰਤੋਂ ਘਰ ਵਿੱਚ ਹੀ ਕਰ ਲੈਂਦੇ ਹਨ ਜਾਂ ਫਿਰ ਨੇੜਲੀ ਡੇਅਰੀ ਵਿਚ ਪਾ ਦਿੰਦੇ ਹਨ।ਜਿਹੜੇ ਕਿਸਾਨ ਵੱਡੇ ਪੱਧਰ ਤੇ ਡੇਅਰੀ ਫਾਰਮਿੰਗ ਦਾ ਕੰਮ ਕਰਦੇ ਹਨ, ਉਨ੍ਹਾਂ ਨੂੰ ਲੋੜ ਹੈ ਚੰਗੀ ਕੀਮਤ ਅਤੇ ਇੱਕਸਾਰ ਮੰਡੀਕਰਨ ਦੀ। ਕਹਿਣ ਦਾ ਭਾਵ ਹੈ ਕਿ ਭਾਵੇਂ ਕੋਈ ਛੋਟਾ ਜਾਂ ਵੱਡਾ ਪਸ਼ੂ ਪਾਲਕ ਹੋਵੇ, ਹਰ ਇੱਕ ਨੂੰ ਇਕਸਾਰ ਅਤੇ ਨਿਰਵਿਘਨ ਮੰਡੀਕਰਨ ਦੀ ਜ਼ਰੂਰਤ ਹੈ। ਦੁੱਧ ਇੱਕ ਐਸਾ ਪਦਾਰਥ ਹੈ ਜੋ ਕਿ ਮੌਸਮ ਦੇ ਹੇਰ ਫੇਰ ਦੌਰਾਨ ਬੜੀ ਹੀ ਆਸਾਨੀ ਨਾਲ ਖ਼ਰਾਬ ਹੋ ਜਾਂਦਾ ਹੈ। ਇਸ ਲਈ ਨੁਕਸਾਨ ਤੋਂ ਬਚਣ ਲਈ ਪਸ਼ੂ ਪਾਲਕਾਂ ਨੂੰ ਲੋੜ ਹੈ ਸਾਰਾ ਸਾਲ ਚੱਲਣ ਵਾਲੇ ਨਿਰਵਿਘਨ ਮੰਡੀਕਰਨਦੀ।

ਪਿਛਲੇ ਕੁਝ ਸਮੇਂ ਤੋਂ ਪ੍ਰਚੱਲਿਤ ਡੇਅਰੀ ਕੋਆਪ੍ਰੇਟਿਵ ਸਿਸਟਮ ਨੇ ਪੰਜਾਬ ਸੂਬੇ ਦੇ ਅੰਦਰ ਕਿਸਾਨਾਂ ਦੀਆਂ ਕਈ ਮੁਸ਼ਕਿਲਾਂ ਦਾ ਹੱਲ ਕਰ ਦਿੱਤਾ ਹੈ। ਇਸ ਸਮੇਂ ਪੰਜਾਬ ਦੇ ਅੰਦਰ ਵੇਰਕਾ, ਅਮੂਲ, ਨੈਸਲੇ ਆਦਿ ਕਈ ਅਗਾਂਹ ਵਧੂ ਸੋਮੇ ਹਨ ਜੋ ਕੋਆਪ੍ਰੇਟਿਵ ਸਿਸਟਮ ਵਿਚ ਕੰਮ ਕਰ ਰਹੇ ਹਨ। ਸਾਡੇ ਕਿਸਾਨ ਵੀਰ ਇਨ੍ਹਾਂ ਦੇ ਨਾਲ ਜੁੜ ਕੇ ਆਪਣੇ ਦੁੱਧ ਦੇ ਮੰਡੀਕਰਨ ਨੂੰ ਬੜੀ ਹੀ ਆਸਾਨੀ ਨਾਲ ਸੁਖਾਵਾਂ ਅਤੇ ਮੁਨਾਫ਼ੇ ਭਰਿਆ ਬਣਾ ਸਕਦੇ ਹਨ। ਇਨ੍ਹਾਂ ਡੇਅਰੀ ਕੋਆਪਰੇਟਿਵਜ਼ ਵੱਲੋਂ ਪਿੰਡ ਪੱਧਰ ਤੇ ਸੁਸਾਇਟੀਆਂ ਸਥਾਪਿਤ ਹਨ, ਜਿਸ ਅੰਦਰ ਕਿਸਾਨ ਸਵੇਰੇ ਅਤੇ ਸ਼ਾਮ ਬੜੀ ਹੀ ਆਸਾਨੀ ਨਾਲ ਦੁੱਧ ਪਾ ਕੇ ਆ ਸਕਦੇ ਹਨ। ਕੋਆਪ੍ਰੇਟਿਵ ਸਿਸਟਮ ਨਾਲ ਜੁੜੇ ਕਿਸਾਨਾਂ ਨੂੰ ਦੋਧੀਆਂ ਦੇ ਮੁਕਾਬਲਤਨ ਕੀਮਤ ਵੀ ਵੱਧ ਮਿਲਦੀ ਹੈ ਅਤੇ ਪੈਸੇ ਵੀ ਇਕੱਠੇ ਬੱਝਵੇਂ ਰੂਪ ਵਿੱਚ ਮਿਲਦੇ ਹਨ। ਇਸ ਤਰੀਕੇ ਰਾਹੀਂ ਆਇਆ ਇਕੱਠਾ ਪੈਸਾ ਤੁਹਾਡੇ ਘਰ ਦੀਆਂ ਜ਼ਰੂਰਤਾਂ ਦੀ ਪੂਰਤੀ ਵਿਚ ਬੜਾ ਸਹਾਇਕ ਸਿੱਧ ਹੁੰਦਾ ਹੈ। ਇਨ੍ਹਾਂ ਕੋਆਪਰੇਟਿਵਾ ਵੱਲੋਂ ਦੁੱਧ ਦੇ ਸਫ਼ਲ ਮੰਡੀਕਰਨ ਦੇ ਨਾਲ ਕਿਸਾਨਾਂ ਨੂੰ ਹੋਰ ਵੀ ਕਈ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਕਿਸਾਨਾਂ ਨੂੰ ਮਸਨੂਈ ਗਰਭਦਾਨ ਦੇ ਟੀਕੇ, ਚਾਰੇ ਦਾ ਬੀਜ, ਦਵਾਈਆਂ, ਵੈਕਸੀਨੇਸ਼ਨ, ਮਿਨਰਲ ਮਿਕਸਚਰ ਰਿਆਇਤੀ ਦਰਾਂ ਤੇ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਅਗਾਂਹ ਵਧੂ ਕਿਸਾਨਾਂ ਨੂੰ ਦੁੱਧ ਚੋਣ ਵਾਲੀਆਂ ਮਸ਼ੀਨਾਂ ਅਤੇ ਬਿਜਲੀ ਵਾਲੇ ਟੋਕੇ ਵੀ ਆਸਾਨ ਕਿਸ਼ਤਾਂ ਤੇ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ ਕਿਸਾਨਾਂ ਨੂੰ ਕਈ ਤਰ੍ਹਾਂ ਦੀਆਂ ਸਬਸਿਡੀਆਂ ਵੀ ਕੋਆਪ੍ਰੇਟਿਵਜ਼ ਵੱਲੋਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਸਭ ਸਹੂਲਤਾਂ ਤੋਂ ਇਲਾਵਾ ਕੋਆਪਰੇਟਿਵ ਸੁਸਾਇਟੀਆਂ ਵੱਲੋਂ ਪਿੰਡਾਂ ਦੇ ਅੰਦਰ ਪਸ਼ੂਆਂ ਦੀ ਸਿਹਤ ਸੰਭਾਲ ਅਤੇ ਵੈੱਲਫੇਅਰ ਦੇ ਲਈ ਕੈਂਪ ਵੀ ਲਾਏ ਜਾਂਦੇ ਹਨ। ਇਨ੍ਹਾਂ ਕੈਂਪਾਂ ਦੇ ਅੰਦਰ ਮਾਹਿਰ

ਡਾਕਟਰਾਂ ਵੱਲੋਂ ਪਸ਼ੂ ਪਾਲਕਾਂ ਨੂੰ ਪਸ਼ੂਆਂ ਦੀ ਸਿਹਤ ਸਬੰਧੀ ਅਤੇ ਦੁੱਧ ਦੀ ਸਾਫ ਸੁਥਰੀ ਪੈਦਾਵਾਰ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਡੇਅਰੀ ਕੋਆਪਰੇਟਿਵ ਨਾਲ ਜੁੜ ਕੇ ਕਿਸਾਨ ਜਿੱਥੇ ਉਨ੍ਹਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦਾ ਫ਼ਾਇਦਾ ਉਠਾ ਸਕਦੇ ਹਨ ਉਥੇ ਡੇਅਰੀ ਕੋਆਪਰੇਟਿਵ ਵਲੋਂ ਆਯੋਜਿਤ ਕੈਂਪਾਂ ਵਿਚ ਅਗਾਂਹ ਵਧੂ ਕਿਸਾਨਾਂ ਨਾਲ ਜੁੜ ਕੇ ਨਵੀਆਂ ਸੋਧਾਂ ਬਾਰੇ ਵੀ ਜਾਣਕਾਰੀ ਲੈ ਸਕਦੇ ਹਨ। ਇਸ ਤੋਂ ਇਲਾਵਾ ਮੌਸਮ ਅਤੇ ਗਾਹਕ ਦੀਆਂ ਜ਼ਰੂਰਤਾਂ ਵਿੱਚ ਆਏ ਫੇਰਬਦਲ ਕਾਰਨ ਹੋਣ ਵਾਲੇ ਵੱਡੇ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ।

ਕਿਸਾਨ ਵੀਰੋ ਯੁੱਗ ਦੇ ਬਦਲਣ ਨਾਲ ਸੰਸਾਰ ਦਾ ਬਾਜ਼ਾਰ ਖੁੱਲ੍ਹ ਗਿਆ ਹੈ। ਤੁਹਾਡੇ ਦੁਆਰਾ ਪੈਦਾ ਕੀਤੇ ਗਏ ਦੁੱਧ ਤੋਂ ਬਣੇ ਪਦਾਰਥ ਹੁਣ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਵੇਚੇ ਜਾ ਸਕਦੇ ਹਨ। ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਤੁਸੀਂ ਸਾਫ਼ ਸੁਥਰਾ ਦੁੱਧ ਪੈਦਾ ਕਰੋ ਅਤੇ ਤੁਹਾਨੂੰ ਆਪਣੇ ਦੁੱਧ ਵਾਸਤੇ ਇੱਕ ਨਿਰਵਿਘਨ ਮੰਡੀਕਰਨ ਅਤੇ ਵਾਜਬ ਕੀਮਤ ਮਿਲੇ। ਇਹ ਸਭ ਤਾਂ ਹੀ ਹੋ ਸਕਦਾ ਹੈ ਜੇਕਰ ਤੁਸੀਂ ਆਪ ਅਤੇ ਆਪਣੇ ਸਾਥੀਆਂ ਨੂੰ ਵੱਧ ਤੋਂ ਵੱਧ ਕੋਆਪ੍ਰੇਟਿਵ ਸਿਸਟਮ ਨਾਲ ਜੋੜੋਗੇ

